***ਈਟੀਟੀ ਭਰਤੀ ਪ੍ਰੀਖਿਆ 29-11-2020 ਸਬੰਧੀ ਜ਼ਰੂਰੀ ਹਦਾਇਤਾਂ***

1. ਪ੍ਰੀਖਿਆ ਕੇਂਦਰਾਂ ਵਿੱਚ ਹਾਈ ਸਕਿਓਰਿਟੀ ਅਲਰਟ ਸਿਸਟਮ ਦਾ ਪ੍ਰਬੰਧ ਕੀਤਾ ਗਿਆ ਹੈ।

2. ਪ੍ਰੀਖਿਆ ਕੇਂਦਰਾਂ ਦੇ ਅੰਦਰ ਵਿਭਾਗ ਵੱਲੋਂ ਅਜਿਹਾ ਯੰਤਰ ਇਨਸਟਾਲ ਕੀਤਾ ਗਿਆ ਹੈ ਜੋ ਕਿਸੇ ਵੀ ਇਲੈਕਟ੍ਰੋਨਿਕ ਡਿਵਾਇਸ ਜਿਵੇਂ ਮਾਈਕ੍ਰੋ-ਕੈਮ, ਬਟਨ ਕੈਮ, ਬਲੂਟੁੱਥ ਡਿਵਾਇਸ ਦੀ ਗਤੀਵਿਧੀ ਦੀ ਪਛਾਣ ਕਰਦਾ ਹੈ।

3. ਪ੍ਰੀਖਿਆ ਕੇਂਦਰ ਦੇ ਅੰਦਰ ਜੇਕਰ ਕਿਸੇ ਵੀ ਪ੍ਰੀਖਿਆਰਥੀ ਉਮੀਦਵਾਰ ਕੋਲ ਨਕਲ ਕਰਨ ਜਾਂ ਕਰਵਾਉਣ ਲਈ ਕਿਸੇ ਵੀ ਤਰ੍ਹਾਂ ਦੇ ਅਨਫੇਅਰ ਮੀਨਜ਼ (Unfair Means) ਪਾਏ ਜਾਂਦੇ ਹਨ ਤਾਂ ਉਸ ਪ੍ਰੀਖਿਆਰਥੀ ਉਮੀਦਵਾਰ 'ਤੇ ਤੁਰੰਤ ਪੁਲਿਸ ਕੇਸ ਦਰਜ ਹੋਵੇਗਾ ਅਤੇ ਇਸਦੀ ਜ਼ਿੰਮੇਵਾਰੀ ਨਿਰੋਲ ਰੂਪ ਵਿੱਚ ਸਬੰਧਿਤ ਪ੍ਰੀਖਿਆਰਥੀ ਉਮੀਦਵਾਰ ਦੀ ਹੀ ਹੋਵੇਗੀ।

4. ਜੇਕਰ ਕਿਸੇ ਵੀ ਪ੍ਰੀਖਿਆਰਥੀ ਵੱਲੋਂ ਨਕਲ ਕਰਨ ਜਾਂ ਕਰਵਾਉਣ ਲਈ ਕੋਈ ਅਨਫੇਅਰ ਮੀਨਜ਼ ਜਾਂ ਬਾਹਰੀ ਪ੍ਰਭਾਵ ਦੀ ਵਰਤੋਂ ਕੀਤੀ ਜਾਂਦੀ ਪਾਈ ਗਈ ਤਾਂ ਉਸ ਪ੍ਰੀਖਿਆਰਥੀ ਉਮੀਦਵਾਰ ਦੀ ਸਬੰਧਿਤ ਪੋਸਟ ਦੀ ਪਾਤਰਤਾ ਤਾਂ ਰੱਦ ਹੋਵੇਗੀ ਨਾਲ ਹੀ ਉਸਨੂੰ ਭਵਿੱਖੀ ਅਸਰ ਤਹਿਤ ਕਿਸੇ ਵੀ ਪੋਸਟ ਲਈ ਅਪਲਾਈ ਕਰਨ ਹਿੱਤ ਬਲੈਕ ਲਿਸਟ ਕਰ ਦਿੱਤਾ ਜਾਵੇਗਾ।

5. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ, ਨੋਡਲ ਅਧਿਕਾਰੀ, ਉਡਨ ਦਸਤਿਆਂ ਦੇ ਇੰਚਾਰਜ਼ ਨੋਟ ਕਰਨ ਕਿ ਉਹ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ, ਬਾਹਰੀ ਪ੍ਰਭਾਵ ਅਤੇ ਸ਼ਰਾਰਤੀ ਅਨਸਰਾਂ ਪਾਸੋਂ ਸੁਚੇਤ ਰਹਿਣ ਤਾਂ ਜੋ ਈਟੀਟੀ ਭਰਤੀ ਦਾਖ਼ਲਾ ਪ੍ਰੀਖਿਆ ਦਾ ਸੰਚਾਲਨ ਸੁਚਾਰੂ ਰੂਪ ਨਾਲ ਕਰਵਾਇਆ ਜਾ ਸਕੇ।

*ਕੰਟਰੋਲਰ ਪ੍ਰੀਖਿਆ*
*ਸਿੱਖਿਆ ਭਰਤੀ ਡਾਇਰੈਕਟੋਰੇਟ*
*ਪੰਜਾਬ*